**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ ਕੰਪਲੈਕਸ**
**ਪੰਜਾਬ ਸਕੂਲ ਸਿੱਖਿਆ ਬੋਰਡ ਫੇਜ-8 ਐਸ.ਏ.ਐਸ. ਨਗਰ**
**(ਅਮਲਾ-3 ਸਾਖਾ)**

ਸੇਵਾ ਵਿਖੇ ,

1 ਮੰਡਲ ਸਿੱਖਿਆ ਅਫਸਰ ਨਾਭਾ,ਫਰੀਦਕੋਟ ਅਤੇ ਜਲੰਧਰ ।

2 ਪੰਜਾਬ ਰਾਜ ਦੇ ਸਮੂਹ ਜਿਲਾ ਸਿੱਖਿਆ ਅਫਸਰ (ਸੈਸਿ) ।

ਵਿਸਾ :- ਮਾਸਟਰ /ਮਿਸਟ੍ਰੈਸਜ ਤੋ ਬਤੌਰ ਮੁਖ ਅਧਿਆਪਕਾਂ ਦੀਆਂ ਪੱਦ-ਉਨਤੀਆਂ ਕਰਨ ਸਬੰਧੀ ਕੇਸ ਭੇਜਣ ਬਾਰੇ ।

ਵਿਸਾ ਅੰਕਿਤ ਮਾਮਲੇ ਸਬੰਧੀ ਵਿਭਾਗ ਵੱਲੋ ਫੈਸਲਾ ਲਿਆ ਗਿਆ ਹੈ ਕਿ ਮੁੱਖ ਅਧਿਆਪਕਾਂ ਦੀਆਂ ਤਰੱਕੀ ਕੋਟੇ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਕੰਮ ਕਰਦੇ ਮਾਸਟਰ/ਮਿਸਟ੍ਰੈਸਜ ਪੱਦ-ਉਨਤੀਆ ਰਾਹੀ ਭਰੀਆਂ ਜਾਣ । ਇਸ ਲਈ ਮਾਸਟਰ ਕਾਡਰ ਦੀ ਮਿਤੀ 12-12-17 ਨੂੰ ਜਾਰੀ ਸੀਨੀਆਰਤਾ ਸੂਚੀ ਅਨੁਸਾਰ ਜਨਰਲ ਵਰਗ ਦੇ 3299 ਤੋ 4650 , ਅਨੁਸੂਚਿਤ ਜਾਤੀ ਵਰਗ ਦੇ 4700 ਤੋ 5200 ਅਤੇ ਅੰਗਹੀਣ ਵਰਗ ਦੇ 19636 ਤੋ ਅਗਲੇ 30 ਕੇਸਾਂ ਦੇ ਕੰਮ ਕਰਦੇ ਮਾਸਟਰ/ਮਿਸਟ੍ਰੈਸਜ ਦੀਆਂ ਪਿਛਲੇ ਪੰਜ ਸਾਲ (2012-13 ਤੋ 2016-17 ਤੱਕ) ਦੀਆਂ ਸਾਲਾਨਾ ਗੁਪਤ ਰਿਪੋਰਟਾਂ ਸਮਰੱਥ ਅਧਿਕਾਰੀ ਦੁਆਰਾ ਲਿਖੀਆਂ ਹੋਣ ਅਤੇ ਸਮਰੱਥ ਅਧਿਕਾਰੀ ਤੋ ਪ੍ਰਵਾਨ ਕੀਤੀਆਂ ਹੋਣ, ਭੇਜੀਆਂ ਜਾਣ । ਜੇਕਰ ਕਿਸੇ ਸਾਲ , ਸਾਲਾਂ ਦਾ ਐਨ.ਆਰ.ਸੀ.ਹੋਵੇ ਤਾ ਉਨ੍ਹਾਂ ਸਾਲ, ਸਾਲਾਂ ਦੇ ਐਨ.ਆਰ.ਸੀ.ਅਤੇ ਉਨੀਆਂ ਹੀ 2012-13 ਤੋ ਪਹਿਲੀਆਂ ਗੁਪਤ ਰਿਪੋਰਟਾਂ ਭੇਜੀਆਂ ਜਾਣ । ਇਸਤੋ ਇਲਾਵਾ ਪੰਜਾਬ ਸਿਵਲ ਸੇਵਾਂਵਾਂ ਰੂਲ (ਦੰਡ ਤੇ ਅਪੀਲ),1970 ਦੇ ਨਿਯਮ 8 ਅਧੀਨ ਜੇਕਰ ਕਿਸੇ ਵੀ ਕਰਮਚਾਰੀ ਨੂੰ ਦੋਸ ਸੂਚੀ ਜਾਰੀ ਕੀਤੀ ਗਈ ਹੋਵੇ , ਨੂੰ ਜਾਰੀ ਕੀਤੀ ਦੋਸ ਸੂਚੀ ਦੇ ਹੁਕਮਾ ਦੀ ਕਾਪੀ ਅਤੇ ਪੜਤਾਲ ਦੀ ਤਾਜਾ ਸਥਿਤੀ ਭਾਵ ਕੇਸ ਦੀ ਪੜਤਾਲ ਕਿਸ ਪੱਧਰ ਤੇ ਪੈਡਿੰਗ ਹੈ , ਦੱਸੀ ਜਾਵੇ ।(ਭਾਵ ਮਿਤੀ 31-12-17 ਤੱਕ ਦੋਸ ਸੂਚੀ ਪੈਡਿੰਗ ਨਾ ਹੋਣ ਸਬੰਧੀ ਸੂਚਨਾਂ ਸਪੱਸਟ ਭੇਜੀ ਜਾਵੇ ।

| ਲੜੀ ਨੰ. | ਸੀਨੀਆਰਤਾ ਨੰ: | ਨਾਮ | ਅਹੁਦਾ | ਜਨਮ ਮਿਤੀ | ਬਤੌਰ ਮਾਸਟਰ,ਮਿਸਟ੍ਰੈਸ ਨਿਯੁਕਤੀ ਦੀ ਮਿਤੀ | ਬਤੌਰ ਮਾਸਟਰ,ਮਿਸਟ੍ਰੈਸ ਹਾਜਰੀ ਦੀ ਮਿਤੀ | ਕੈਟਾਗਰੀ | 2012-13 ਤੋ 2016-17 ਦੀ ਏ.ਸੀ.ਆਰ ਦੀ ਦਰਜਾਬੰਦੀ | ਦੋਸ ਸੂਚੀ ਪੈਡਿੰਗ ਹੈ ਜਾਂ ਨਹੀ |
|---|---|---|---|---|---|---|---|---|---|

ਇਸ ਲਈ ਉਪਰੋਕਤ ਦਰਸਾਏ ਪ੍ਰੋਫਾਰਮੇ ਵਿੱਚ ਮੁਕੰਮਲ ਸੂਚਨਾਂ ਇੱਕ ਹਫਤੇ ਦੇ ਅੰਦਰ ਅੰਦਰ ਆਪਦੇ ਦਫਤਰ ਦੇ ਸੁਪਰਡੰਟ ਅਤੇ ਸਬੰਧਤ ਡੀਲਿੰਗ ਹੈਡ ਰਾਹੀ (ਐਕਸਲ ਪ੍ਰੋਫਾਰਮੇ ਵਿੱਚ)ਸਮੇਤ ਸੀ.ਡੀ.ਅਤੇ ਹਾਰਡ ਕਾਪੀ ਵਿੱਚ ਤਿਆਰ ਕਰਕੇ ਡਾਇਰੈਕਟੋਰੇਟ ਵਿਖੇ ਨਿੱਜੀ ਪੱਧਰ ਤੇ ਪੁੱਜਦੀ ਕਰਨੀ ਯਕੀਨੀ ਬਣਾਈ ਜਾਵੇ । ਅਗਰ ਦਫਤਰ ਦੇ ਧਿਆਨ ਵਿੱਚ ਆਇਆ ਕਿ ਆਪ ਵੱਲੋ ਇਹ ਸੂਚਨਾਂ , ਦਸਤਾਵੇਜ ਸਬੰਧਤ ਕਰਮਚਾਰੀ ਤੋ ਮੰਗੇ ਜਾ ਰਹੇ ਹਨ ਤਾਂ ਆਪ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ ।

23/01/18

ਸਹਾਇਕ ਡਾਇਰੈਕਟਰ (ਸਪ-3)

ਪਿੱਠ ਅੰਕਣ ਨੰ: ਉਕਤ 374-385 ਮਿਤੀ: 23-1-18

ਉਪਰੋਕਤ ਦਾ ਉਤਾਰਾ ਹੇਠਾਂ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1 ਡਾਇਰੈਕਟਰ ਸਿੱਖਿਆ ਵਿਭਾਗ (ਯੂ.ਟੀ.ਪ੍ਰਸਾਸਨ) ਚੰਡੀਗੜ੍ਹ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਪੰਜਾਬ ਰਾਜ ਤੋ ਚੰਡੀਗੜ੍ਹ ਪ੍ਰਸਾਸਨ ਅਧੀਨ ਡੈਪੂਟੇਸਨ ਤੇ ਕੰਮ ਕਰਦੇ ਮਾਸਟਰ,ਮਿਸਟ੍ਰੈਸਜ ਦੇ ਕੇਸ ਉਪਰੋਕਤ ਦੱਸੇ ਅਨੁਸਾਰ ਹਰ ਪੱਖੋ ਮੁਕੰਮਲ ਕਰਕੇ ਇਸ ਦਫਤਰ ਵਿਖੇ ਪੁੱਜਕੇ ਕੀਤੇ ਜਾਣ ।

2 ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਪੱਤਰ ਦੀ ਕਾਪੀ ਐਸ.ਐਸ.ਏ. ਦੀ ਵੈਬਸਾਈਟ ਤੇ ਅਪਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜ ।

23/01/18

ਸਹਾਇਕ ਡਾਇਰੈਕਟਰ (ਸਪ-3)